# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 07-09-2025**

- ਪ੍ਰਧਾਨ ਮੰਤਰੀ, ਨਰੇਂਦਰ ਮੋਦੀ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨਗੇ ਤੇ ਸਥਿਤੀ ਦਾ ਨਿੱਜੀ ਤੌਰ 'ਤੇ ਜਾਇਜ਼ਾ ਲੈਣਗੇ.
- ਪੰਜਾਬ 'ਚ ਹੜ੍ਹਾਂ ਕਾਰਣ ਜਾਨ – ਮਾਲ ਨੂੰ ਭਾਰੀ ਨੁਕਸਾਨ ਪਹੁੰਚਣ ਤੋਂ ਬਾਅਦ, ਹੁਣ ਸਥਿਤੀ ਹੌਲੀ - ਹੌਲੀ ਆਮ ਵਾਂਗ ਹੋ ਰਹੀ ਏ. ਸੂਬਾ ਸਰਕਾਰ ਨੇ 9 ਸਤੰਬਰ ਨੂੰ ਸਾਰੇ ਵਿਦਿਅਕ ਅਦਾਰੇ ਖੋਲ੍ਹਣ ਦੇ ਆਦੇਸ਼ ਦਿੱਤੇ.
- ਸਰਕਾਰ ਨੇ ਕਿਹਾ ਏ ਕਿ GST ਵਿੱਚ ਵੱਡੇ ਸੁਧਾਰ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨਗੇ, ਅਤੇ ਸਹਿਕਾਰੀ ਉਤਪਾਦਾਂ ਦੀ ਮੰਗ ਵਧੇਗੀ।
- BSF ਨੇ ਵੱਖ – ਵੱਖ ਕਾਰਵਾਈਆਂ ਵਿਚ 5 ਭਾਰਤੀ ਤਸਕਰਾਂ ਨੂੰ ਹਥਿਆਰਾਂ, ਗੋਲੀ ਸਿੱਕੇ ਤੇ 5 ਕਿੱਲੋ ਤੋਂ ਵੱਧ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਏ।
- ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਵਿੱਚ, ਭਾਰਤ ਅਤੇ ਦਖਣੀ ਕੋਰੀਆ ਦਰਮਿਆਨ ਖਿਤਾਬੀ ਮੁਕਾਬਲਾ ਅੱਜ ਸ਼ਾਮ.

-----------------------------------------------------------------

ਪ੍ਰਧਾਨ ਮੰਤਰੀ, ਨਰੇਂਦਰ ਮੋਦੀ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨਗੇ ਤਾਂ ਜੋ ਸਥਾਨਕ ਸਥਿਤੀ ਦਾ ਨਿੱਜੀ ਤੌਰ 'ਤੇ ਜਾਇਜ਼ਾ ਲਿਆ ਜਾ ਸਕੇ ਅਤੇ ਹੜ੍ਹ ਪ੍ਰਭਾਵਿਤ ਸੂਬੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰਨ ਲਈ ਜ਼ਮੀਨੀ ਹਕੀਕਤਾਂ ਨੂੰ ਸਮਝਿਆ ਜਾ ਸਕੇ। ਪੰਜਾਬ ਭਾਜਪਾ ਪ੍ਰਧਾਨ, ਸੁਨੀਲ ਜਾਖੜ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਇਹ ਦੱਸਦੇ ਹੋਏ ਕਿ, ਪ੍ਰਧਾਨ ਮੰਤਰੀ ਸੂਬੇ ਵਿੱਚ ਹੜ੍ਹ ਦੀ ਸਥਿਤੀ ਬਾਰੇ ਬੇਹਦ ਚਿੰਤਤ ਨੇ ਅਤੇ ਇਸਦੀ ਨੇੜਿਓਂ ਨਿਗਰਾਨੀ ਕਰ ਰਹੇ ਨੇ, ਇਸ ਦੌਰੇ ਦੀ ਦੀ ਪੁਸ਼ਟੀ ਕੀਤੀ ਏ। ਉਨ੍ਹਾਂ ਦੁਹਰਾਇਆ ਕਿ ਭਾਰਤ ਸਰਕਾਰ, ਪੰਜਾਬ ਦੇ ਲੋਕਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਏ. ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੂੰ ਰਾਜ ਵਿੱਚ ਸਥਿਤੀ ਦਾ ਮੁਲੰਕਣ ਕਰਨ ਲਈ ਭੇਜਿਆ ਗਿਆ ਸੀ। ਹੜ੍ਹਾਂ ਦੌਰਾਨ ਹੋਏ ਨੁਕਸਾਨ ਦਾ ਮੁਲੰਕਣ ਕਰਨ ਲਈ ਕੇਂਦਰ ਸਰਕਾਰ ਦੀਆਂ ਦੋ ਅੰਤਰ-ਮੰਤਰਾਲਾ ਟੀਮਾਂ ਵੀ ਤਾਇਨਾਤ ਕੀਤੀਆਂ ਗਈਆਂ ਸਨ।

-----------------------------------------------------------------

ਹੜ੍ਹਾਂ ਨਾਲ ਪ੍ਰਭਾਵਿਤ ਪੰਜਾਬ 46 ਜਾਨਾਂ ਗੁਆਉਣ ਅਤੇ ਜ਼ਮੀਨ, ਜਾਇਦਾਦ ਅਤੇ ਪਸ਼ੂਆਂ ਨੂੰ ਭਾਰੀ ਨੁਕਸਾਨ ਪਹੁੰਚਣ ਤੋਂ ਬਾਅਦ

ਆਮ ਸਥਿਤੀ ਵੱਲ ਵਧ ਰਿਹਾ ਏ. ਹਾਲਾਂਕਿ, ਹੋਏ ਨੁਕਸਾਨ ਦੇ ਸਹੀ ਪਧਰ ਦਾ ਪਤਾ, ਪਾਣੀ ਘਟਣ ਤੋਂ ਬਾਅਦ ਹੀ ਲਾਇਆ ਜਾ ਸਕਦਾ ਏ. ਪਰ, ਮੀਡੀਆ ਖਬਰਾਂ ਮੁਤਾਬਿਕ, ਪੰਜਾਬ ਸਰਕਾਰ ਨੇ 13,ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਨੁਕਸਾਨ ਦਾ ਅਨੁਮਾਨ ਲਾਇਆ ਏ.ਇੱਕ ਰਿਪੋਰਟ -

*ਹਲਕੀ ਤੋਂ ਦਰਮਿਆਨੀ ਬਾਰਿਸ਼ ਦਰਮਿਆਨ ਖਿੜੀ ਥੋੜ੍ਹੀ ਜਿਹੀ ਧੁੱਪ, ਪ੍ਰਭਾਵਿਤ ਲੋਕਾਂ ਲਈ ਉਮੀਦ ਦੀ ਕਿਰਨ ਬਣ ਕੇ ਆ ਰਹੀ ਏ ਜੋ ਅਜੇ ਵੀ ਹਾਲਾਤ ਨੂੰ ਸੁਧਾਰਨ ਲਈ ਸੰਘਰਸ਼ ਕਰ ਰਹੇ ਨੇ. ਲਗਭਗ 2 ਹਜ਼ਾਰ ਪਿੰਡ ਅਤੇ 3 ਲਖ 87 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਨੇ. ਇਸ ਦੌਰਾਨ, ਹਰਿਆਣਾ ਵਿੱਚ ਮਾਰਕੰਡਾ ਅਤੇ ਟਾਂਗਰੀ ਨਦੀਆਂ ਦਾ ਵੱਧ ਵਹਾਅ ਪਟਿਆਲਾ ਅਤੇ ਨੇੜੇ – ਤੇੜੇ ਦੇ ਇਲਾਕਿਆਂ ਵਿੱਚ ਘਬਰਾਹਟ ਪੈਦਾ ਕਰ ਰਿਹਾ ਏ, ਜੋ ਹੜ੍ਹਾਂ ਦਾ ਸਾਹਮਣਾ ਕਰ ਰਹੇ ਨੇ. ਸਥਾਨਕ ਪ੍ਰਸ਼ਾਸਨ, ਭਾਰਤੀ ਫੌਜ, NDRF, BSF ਅਤੇ ਵਲੰਟੀਅਰਾਂ ਦੀਆਂ ਰਾਹਤ ਅਤੇ ਬਚਾਅ ਟੀਮਾਂ ਦੇ ਨਾਲ-ਨਾਲ ਪਾਣੀ ਦੇ ਪ੍ਰਭਾਵ ਨੂੰ ਘਟਾਉਣ ਲਈ ਦਿਨ-ਰਾਤ ਕੰਮ ਕਰ ਰਹੇ ਨੇ. ਬੀਐਸਐਫ ਪੰਜਾਬ ਦੇ ਮੁਖੀ, ਇੰਸਪੈਕਟਰ ਜਨਰਲ, ਅਤੁਲ ਫੁਲਜ਼ੁਲੇ ਨੇ ਸਥਿਤੀ ਅਤੇ ਚੱਲ ਰਹੇ ਰਾਹਤ ਉਪਾਵਾਂ ਦਾ ਜਾਇਜ਼ਾ ਲੈਣ ਲਈ ਫਿਰੋਜ਼ਪੁਰ ਸਰਹੱਦ 'ਤੇ ਹੜ੍ਹ ਪ੍ਰਭਾਵਿਤ ਸਰਹੱਦੀ ਪਿੰਡਾਂ ਅਤੇ ਚੌਕੀਆਂ ਦਾ ਦੌਰਾ ਕੀਤਾ.*

*ਸੂਬਾ ਸਰਕਾਰ ਨੇ ਕੱਲ੍ਹ ਸਟਾਫ ਵਲੋਂ ਇਮਾਰਤਾਂ ਦੀ ਸਹੀ ਜਾਂਚ ਤੋਂ ਬਾਅਦ 9 ਸਤੰਬਰ ਨੂੰ ਸਾਰੇ ਵਿਦਿਅਕ ਅਦਾਰੇ ਖੋਲ੍ਹਣ ਦੇ ਆਦੇਸ਼ ਦਿੱਤੇ ਨੇ.* <><

---------------------------------------------------------------

ਇਸ ਦੌਰਾਨ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਦੱਸਿਆ ਏ ਕਿ ਹਰੀਕੇ ਅਤੇ ਹੁਸੈਨੀਵਾਲਾ ਹੈਡਵਰਕਸ ਤੋਂ ਪਾਣੀ ਦੀ ਨਿਕਾਸੀ ਪਹਿਲਾ ਨਾਲੋਂ ਘਟੀ ਏ. ਫਾਜ਼ਿਲਕਾ ਜ਼ਿਲੇ ਵਿੱਚ ਵੀ ਇਸ ਦਾ ਅਸਰ ਦਿਖਣ ਲਗਾ ਏ ਅਤੇ ਪਾਣੀ ਦੇ ਪੱਧਰ ਵਿੱਚ ਮਾਮੂਲੀ ਗਿਰਾਵਟ ਆਈ ਏ । ਓਧਰ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਨੇ ਹੜ੍ਹਾਂ ਦੇ ਮੱਦੇਨਜ਼ਰ, ਪਾਣੀ ਰਾਹੀਂ ਫੈਲਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਪਟਿਆਲਾ ‘ਚ ਆਸ਼ਾ ਵਰਕਰਾਂ ਨੂੰ ਪਿੰਡਾਂ ਵਿਚ ਘਰ ਘਰ ਜਾ ਕੇ ਲੋਕਾਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਟੀਮਾਂ ਬਣਾ ਕੇ ਮੁਹਿੰਮ ਚਲਾਉਣ ਲਈ ਕਿਹਾ। ਸਿਹਤ ਮੰਤਰੀ ਨੇ ਆਸ਼ਾ ਵਰਕਰਾਂ ਨੂੰ ਖੁਰਾਕ ਅਤੇ ਦਵਾਈਆਂ ਦੀਆਂ ਕਿੱਟਾਂ ਵੀ ਵੰਡੀਆਂ. ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੇ ਪਿੰਡਾਂ ਦਾ ਦੌਰਾ ਕੀਤਾ. ਕੈਬਨਿਟ ਮੰਤਰੀ ਨੇ ਕਿਹਾ ਕਿ ਪਾਣੀ ਦੀ ਨਿਕਾਸੀ ਦੇ ਢੁੱਕਵੇਂ ਪ੍ਰਬੰਧ ਕਰਨ ਅਤੇ ਹੋਰ ਲੋੜਦੀਆਂ ਵਸਤਾਂ ਮੁਹੱਈਆ

ਕਰਵਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਸੇਧਾਂ ਜਾਰੀ ਕਰ ਦਿੱਤੀਆਂ ਗਈਆਂ ਨੇ.

---------------------------------------------------------------------

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸ਼ਾਹਨੀ ਨੇ ਅਜਨਾਲਾ ਇਲਾਕੇ ਵਿੱਚ ਹੜ੍ਹਾਂ ਨਾਲ ਜੂਝ ਰਹੇ ਲੋਕਾਂ ਦੀਆਂ ਜ਼ਰੂਰਤਾਂ ਬਾਰੇ ਡਾਟਾ ਇਕੱਠਾ ਕਰਨ ਲਈ ਐਨਸੀਸੀ ਕੈਡਟਾਂ ਦੀ ਡਿਊਟੀ ਲਈ ਏ. ਇਸ ਬਾਰੇ ਜਾਣਕਾਰੀ ਦਿੰਦਿਆਂ ਕਰਨਲ ਪੀਡੀਐਸ ਬੱਲ ਨੇ ਦੱਸਿਆ ਕਿ ਕੈਡਿਟ ਸੰਬੰਧਿਤ ਵਿਅਕਤੀ ਨੂੰ ਫੋਨ ਕਰਕੇ ਉਸ ਨੂੰ ਲੋੜੀਂਦੀਆਂ ਸਹੂਲਤਾਂ ਬਾਰੇ ਡਾਟਾ ਇਕੱਠਾ ਕਰੇਗਾ। ਇਸ ਦੀ ਸੂਚਨਾ ਦਫਤਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਿਖੇ ਦਿੱਤੀ ਜਾਵੇਗੀ। ਪ੍ਰਸ਼ਾਸਨ ਵੱਲੋਂ ਉਹਨਾਂ ਲੋੜਵੰਦ ਵਿਅਕਤੀਆਂ ਨੂੰ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ।

---------------------------------------------------------------------

ਅੰਮ੍ਰਿਤਸਰ ਜ਼ਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋੜਵੰਦ ਪਰਿਵਾਰਾਂ, ਜਿਨਾਂ ਨੂੰ ਪੈਰਾਂ ਸਿਰ ਕਰਨ ਲਈ ਮਦਦ ਦੀ ਲੋੜ ਪਵੇਗੀ, ਲਈ ਛੇ ਮਹੀਨੇ ਤੱਕ ਚੱਲਣ ਵਾਲੀ ਯੋਜਨਾਬੰਦੀ ਕੀਤੀ ਗਈ ਏ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਕੰਮ ਲਈ ਪੰਜਾਬ ਸਰਕਾਰ ਦੇ ਨਾਲ ਨਾਲ ਸਮਾਜ ਸੇਵੀ ਸੰਸਥਾਵਾਂ, ਜਥੇਬੰਦੀਆਂ

ਅਤੇ ਹੋਰ ਦਾਨੀਆਂ ਤੋਂ ਮਦਦ ਲਈ ਜਾਏਗੀ. ੳਹਨਾਂ ਦੱਸਿਆ ਕਿ ਅਜਿਹੇ ਪਰਿਵਾਰਾਂ ਜਿਨਾਂ ਦੇ ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਨੇ, ਜਾਂ ਉਹਨਾਂ ਦੇ ਛੋਟੇ ਕਾਰੋਬਾਰ ਵੀ ਲਗਭਗ ਤਬਾਹ ਹੋ ਗਏ ਨੇ ਦੀ ਮਦਦ ਲਈ "ਸਾਂਝਾ ਉਪਰਾਲਾ" ਸ਼ੁਰੂ ਕੀਤਾ ਜਾ ਰਿਹਾ ਏ.ਉਹਨਾਂ ਕਿਹਾ ਕਿ ਇਸ ਕੰਮ ਵਿੱਚ ਸਾਥ ਦੇਣ ਵਾਲੀਆਂ ਸੰਸਥਾਵਾਂ ਜ਼ਿਲ੍ਹਾ ਲੋਕ ਸੰਪਰਕ ਅਫਸਰ ਅੰਮ੍ਰਿਤਸਰ ਦੇ ਮੇਲ dproamritsar3@gmail.com ਜ਼ਰੀਏ ਸੰਪਰਕ ਕਰ ਸਕਦੇ ਨੇ.

--------------------------------------------------------------------------

ਪੰਜਾਬ ਲਈ ਇਨ੍ਹਾਂ ਔਖੇ ਸਮੇਂ ਦੌਰਾਨ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ, ਨੈਸ਼ਨਲ ਐਵਾਰਡੀ ਟੀਚਰਜ਼ ਐਸੋਸੀਏਸ਼ਨ (ਨਾਟਾ) ਪੰਜਾਬ ਨੇ ਅਧਿਆਪਕ ਦਿਵਸ ਦੇ ਮੌਕੇ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨੂੰ ਸੂਬਾ ਸਰਕਾਰ ਦੇ ਹੜ੍ਹ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਸਵਾ ਲੱਖ ਰੁਪਏ ਦਾ ਚੈੱਕ ਭੇਂਟ ਕੀਤਾ। ਡਾ. ਬਲਰਾਮ ਸ਼ਰਮਾ ਦੀ ਅਗਵਾਈ ਹੇਠ ਨਾਟਾ ਦਾ ਇੱਕ ਵਫ਼ਦ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਉਣ ਲਈ ਸ੍ਰੀ ਹਰਜੋਤ ਸਿੰਘ ਬੈਂਸ ਨੂੰ ਮਿਲਿਆ ਅਤੇ ਇਸ ਚੁਣੌਤੀਪੂਰਨ ਸਥਿਤੀ ਵਿੱਚ ਸੂਬੇ ਨੂੰ ਆਪਣੀ ਪੂਰੀ ਹਮਾਇਤ ਦੇਣ ਦਾ ਭਰੋਸਾ ਦਿੱਤਾ। ਸ੍ਰੀ ਹਰਜੋਤ ਸਿੰਘ ਬੈਂਸ

ਨੇ ਰਾਸ਼ਟਰੀ award ਪ੍ਰਾਪਤ ਅਧਿਆਪਕਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਅਧਿਆਪਕ ਸਿੱਖਿਆ ਵਿਭਾਗ ਦਾ ਮਾਣ ਨੇ.

---------------------------------------------------------------

ਸਰਕਾਰ ਦਾ ਕਹਿਣਾ ਏ ਕਿ ਵਿਆਪਕ ਵਸਤੂ ਤੇ ਸੇਵਾ ਟੈਕਸ (GST) ਸੁਧਾਰ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨਗੇ, ਉਨ੍ਹਾਂ ਦੇ ਉਤਪਾਦਾਂ ਨੂੰ ਮੁਕਾਬਲੇਬਾਜ਼ੀ ਵਾਲਾ ਬਣਾਉਣਗੇ, ਇਹਨਾਂ ਉਤਪਾਦਾਂ ਦੀ ਮੰਗ ਵਧਾਉਣਗੇ ਅਤੇ ਸਹਿਕਾਰੀ ਸਭਾਵਾਂ ਦੀ ਆਮਦਨ ਵਿੱਚ ਵਾਧਾ ਕਰਨਗੇ। ਇੱਕ ਬਿਆਨ ਵਿੱਚ, ਸਹਿਕਾਰਤਾ ਮੰਤਰਾਲੇ ਨੇ ਕਿਹਾ ਏ ਕਿ GST ਸੁਧਾਰ ਦਿਹਾਤੀ ਉਦਮਸ਼ੀਲਤਾ ਨੂੰ ਹੁਲਾਰਾ ਦੇਣਗੇ, ਫੂਡ ਪ੍ਰੋਸੈਸਿੰਗ ਖੇਤਰ ਵਿੱਚ ਸਹਿਕਾਰੀ ਸਭਾਵਾਂ ਨੂੰ ਉਤਸ਼ਾਹਿਤ ਕਰਨਗੇ ਅਤੇ ਲੱਖਾਂ ਘਰਾਂ ਲਈ ਜ਼ਰੂਰੀ ਵਸਤਾਂ ਤੱਕ ਕਿਫਾਇਤੀ ਪਹੁੰਚ ਯਕੀਨੀ ਬਣਾਉਣਗੇ. ਕੇਂਦਰੀ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਨਵੀਆਂ ਲਾਗੂ ਕੀਤੀਆਂ ਗਈਆਂ GST ਦਰਾਂ ਅਤੇ ਸਲੈਬਾਂ ਦਾ ਖੇਤੀਬਾੜੀ ਖੇਤਰ 'ਤੇ ਅਹਿਮ ਪ੍ਰਭਾਵ ਪਏਗਾ. ਭੋਪਾਲ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਬੋਲਦਿਆਂ, ਸ਼੍ਰੀ ਚੌਹਾਨ ਨੇ ਦੱਸਿਆ ਕਿ ਤਬਦੀਲੀਆਂ ਖਾਸ ਤੌਰ 'ਤੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਲਾਭ ਪਹੁੰਚਾਉਣਗੀਆਂ - byte -

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇੱਕ ਵਧੇਰੇ ਕੁਸ਼ਲ ਅਤੇ ਨਾਗਰਿਕਾਂ ਪ੍ਰਤੀ ਸੁਖਾਵੀਂ ਆਰਥਿਕਤਾ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਦਿਆਂ GST ਕੌਂਸਲ ਨੇ 3 ਸਤੰਬਰ ਨੂੰ ਆਮ ਆਦਮੀ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਦਰਾਂ ਨੂੰ ਤਰਕਸੰਗਤ ਬਣਾਉਣ ਨੂੰ ਮਨਜ਼ੂਰੀ ਦਿੱਤੀ। ਇਨ੍ਹਾਂ ਸੁਧਾਰਾਂ ਨੇ ਨਾਗਰਿਕਾਂ ਦੀ ਜ਼ਿੰਦਗੀ ਨੂੰ ਆਸਾਨ ਬਣਾਉਣ ਵਾਲੇ ਕਈ ਖੇਤਰਾਂ ਵਿੱਚ ਟੈਕਸ ਦਰਾਂ ਨੂੰ ਘਟਾ ਦਿੱਤਾ ਏ । ਅੱਜ ਅਸੀਂ ਸਾਮਾਨ ਦੀ ਆਵਾਜਾਈ ਲਈ ਕੀਤੇ ਗਏ ਸੁਧਾਰਾਂ 'ਤੇ ਗੱਲ ਕਰਦੇ ਹਾਂ।

V / C

*GST ਕੌਂਸਲ ਨੇ ਬੁੱਧਵਾਰ ਨੂੰ ਆਪਣੀ ਮੀਟਿੰਗ ਵਿੱਚ ਆਪਣੀ ਪੇਚੀਦਾ ਟੈਕਸ ਪ੍ਰਣਾਲੀ ਦਾ 5 ਫੀਸਦੀ ਅਤੇ 18 ਫੀਸਦੀ ਦੇ ਦੋ ਸਲੈਬਾਂ ਵਿੱਚ ਏਕੀਕਰਨ ਦਾ ਐਲਾਨ ਕੀਤਾ, ਅਤੇ ਸੈੱਸ ਪ੍ਰਣਾਲੀ ਨੂੰ ਹਟਾ ਦਿੱਤਾ। ਵਾਹਨ ਨਿਰਮਾਤਾਵਾਂ ਅਤੇ ਸਪਲਾਇਰਾਂ ਲਈ, ਇਹ ਤਿਉਹਾਰਾਂ ਦੇ ਸਮੇਂ ਦੌਰਾਨ ਅਤੇ ਉਸ ਤੋਂ ਬਾਅਦ ਸਰਲ ਪਾਲਣਾ ਅਤੇ ਇੱਕ ਵਧੀਆ ਮੰਗ ਦਾ ਵਾਅਦਾ ਕਰਦਾ ਏ । ਵਪਾਰਕ ਵਾਹਨ, ਜਿਨ੍ਹਾਂ ਵਿੱਚ ਟਰੱਕ, ਬੱਸਾਂ ਅਤੇ ਡਿਲੀਵਰੀ ਵੈਨਾਂ ਸ਼ਾਮਲ ਨੇ, ਨੂੰ ਨਵੇਂ GST ਢਾਂਚੇ ਤਹਿਤ ਲਾਭ ਹੋਵੇਗਾ ਤੇ ਹੁਣ ਇਹਨਾਂ 'ਤੇ ਪਹਿਲਾਂ ਦੇ 28 ਫੀਸਦੀ ਦੀ ਥਾਂ 'ਤੇ 18 ਫੀਸਦੀ ਦਾ ਟੈਕਸ ਲਗੇਗਾ. ਸੁਧਾਰਾਂ ਦੇ ਨਾਲ, ਮਾਲ ਢੋਆ-ਢੁਆਈ ਅਤੇ ਜਨਤਕ ਆਵਾਜਾਈ ਦੀ ਰੀੜ੍ਹ ਬਣਨ ਵਾਲਾ ਇਹ ਖੇਤਰ,*

*ਖੇਤੀਬਾੜੀ ਵਸਤਾਂ ਦੀਆਂ ਕੀਮਤਾਂ, ਲੌਜਿਸਟਿਕਸ ਲਾਗਤਾਂ ਵਿੱਚ ਕਮੀ ਅਤੇ ਬਰਾਮਦ ਮੁਕਾਬਲੇਬਾਜ਼ੀ ਵਿੱਚ ਸੁਧਾਰ 'ਤੇ ਇੱਕ ਵੱਡਾ ਪ੍ਰਭਾਵ ਦੇਖਣ ਨੂੰ ਮਿਲੇਗਾ। ਦਸ ਜਾਂ ਵੱਧ ਵਿਅਕਤੀਆਂ ਨੂੰ ਲਿਜਾਣ ਲਈ ਤਿਆਰ ਕੀਤੇ ਗਏ ਮੋਟਰ ਵਾਹਨਾਂ 'ਤੇ ਪਹਿਲਾਂ ਦੇ 28 ਫੀਸਦੀ ਦੇ ਮੁਕਾਬਲੇ ਹੁਣ 18 ਫੀਸਦੀ ਦਾ GST ਹੀ ਲਗੇਗਾ. ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਇੰਡੀਅਨ ਆਟੋਮੋਬਾਈਲ ਮੈਨੂਫੈਕਚਰਰਜ਼ ਸੁਸਾਇਟੀ (SIAM) ਦੇ ਡਾਇਰੈਕਟਰ ਜਨਰਲ ਰਾਜੇਸ਼ ਮੈਨਨ ਨੇ ਕਿਹਾ ਕਿ ਇਹ GST ਸੁਧਾਰ ਨਾ ਸਿਰਫ਼ ਮੰਗ ਪੈਦਾ ਕਰਨਗੇ ਅਤੇ ਖਪਤ ਨੂੰ ਹੁੰਗਾਰਾ ਦੇਣਗੇ ਸਗੋਂ ਵਾਹਨਾਂ ਦੇ ਕਿਫਾਇਤੀ ਹੋਣ ਨਾਲ ਵੀ ਖਪਤਕਾਰ ਵਧਣਗੇ. ਇਸ ਐਲਾਨ ਦੇ ਨਾਲ, ਆਟੋਮੋਬਾਈਲ ਕੰਪਨੀਆਂ ਤੋਂ ਖਪਤਕਾਰਾਂ ਤੱਕ GST ਲਾਭ ਪਹੁੰਚਾਉਣ ਲਈ ਵਾਹਨਾਂ ਦੀਆਂ ਕੀਮਤਾਂ ਘਟਾਉਣ ਦੀ ਵੀ ਉਮੀਦ ਏ.*

---------------------------------------------------------------------

ਸਰਹੱਦੀ ਸੁਰੱਖਿਆ ਬਲ ਨੇ ਵੱਖ – ਵੱਖ ਕਾਰਵਾਈਆਂ ਵਿੱਚ 5 ਭਾਰਤੀ ਤਸਕਰਾਂ ਨੂੰ ਹਥਿਆਰਾਂ ਤੇ ਗੋਲੀ ਸਿੱਕੇ ਅਤੇ ਸਾਢੇ 5 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਏ. BSF ਦੇ ਜਵਾਨਾਂ ਨੇ ਅੰਮ੍ਰਿਤਸਰ ਪੁਲਿਸ ਦੀ ਨਾਰਕੋਟਿਕਸ ਟਾਸਕ ਫੋਰਸ ਦੇ ਨਾਲ ਰਲ ਕੇ ਕੱਲ੍ਹ ਤਰਨਤਾਰਨ ਵਿੱਚ 1 ਤਸਕਰ ਨੂੰ ਅੱਧਾ ਕਿਲੋਗ੍ਰਾਮ ਹੈਰੋਇਨ ਸਮੇਤ

ਗ੍ਰਿਫ਼ਤਾਰ ਕੀਤਾ। ਅੰਮ੍ਰਿਤਸਰ ਵਿੱਚ ਇੱਕ ਹੋਰ ਕਾਰਵਾਈ ਵਿੱਚ, ਸਾਂਝੀ ਟੀਮ ਨੇ 4 ਤਸਕਰਾਂ ਨੂੰ ਉਨ੍ਹਾਂ ਦੇ ਕਬਜ਼ੇ ਵਿੱਚੋਂ 9 ਪੈਕੇਟਾਂ ਸਮੇਤ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਵਿੱਚ 5 ਕਿਲੋਗ੍ਰਾਮ ਤੋਂ ਵੱਧ ਹੈਰੋਇਨ, 2 ਪਿਸਤੌਲ, ਇੱਕ ਚਾਰ ਪਹੀਆ ਵਾਹਨ, 2 ਮੋਟਰਸਾਈਕਲ ਅਤੇ ਕੁਝ ਭਾਰਤੀ ਕਰੰਸੀ ਸ਼ਾਮਲ ਏ। ਤਸਕਰ ਪਿੰਡ ਗੋਇੰਦਵਾਲ ਅਤੇ ਸੋਹਲ ਜ਼ਿਲ੍ਹੇ ਦੇ ਵਸਨੀਕ ਨੇ. ਦੋਵਾਂ ਮਾਮਲਿਆਂ ਵਿੱਚ ਹੋਰ ਜਾਂਚ ਜਾਰੀ ਏ।

-----------------------------------------------------------------------

ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਐਡੀਸ਼ਨਲ ਡਾਇਰੈਕਟਰ ਜਨਰਲ, ਐੱਨਸੀਸੀ ਡਾਇਰੈਕਟੋਰੇਟ, ਮੇਜਰ ਜਨਰਲ ਜੇ.ਐੱਸ . ਚੀਮਾ, ਨੇ ਅੱਜ ਸੁਖਨਾ ਝੀਲ ਸਪੋਰਟਸ ਕੰਪਲੈਕਸ, ਸੈਕਟਰ 6 ਚੰਡੀਗੜ੍ਹ ਤੋਂ ਇੱਕ ਸਿਹਤ ਦੌੜ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਸਮਾਗਮ ਤੰਦਰੁਸਤ ਜੀਵਨ ਜਾਚ ਬਾਰੇ ਜਾਗਰੂਕਤਾ ਫੈਲਾਉਣ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕਰਵਾਇਆ ਗਿਆ।

-------------------------------------------------------------

ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਵਿੱਚ, ਭਾਰਤ ਬਿਹਾਰ ਦੇ ਰਾਜਗੀਰ ਵਿੱਚ ਹੋਣ ਵਾਲੇ ਫਾਈਨਲ ਮੁਕਾਬਲੇ ਵਿੱਚ ਦੱਖਣੀ ਕੋਰੀਆ ਖਿਲਾਫ਼ ਖੇਡੇਗਾ. ਫਾਈਨਲ ਸ਼ਾਮ ਸਾਢੇ 7 ਵਜੇ ਖੇਡਿਆ ਜਾਵੇਗਾ।

---

- ਪ੍ਰਧਾਨ ਮੰਤਰੀ, ਨਰੇਂਦਰ ਮੋਦੀ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨਗੇ ਤੇ ਸਥਿਤੀ ਦਾ ਨਿੱਜੀ ਤੌਰ 'ਤੇ ਜਾਇਜ਼ਾ ਲੈਣਗੇ.
- ਪੰਜਾਬ ‘ਚ ਹੜ੍ਹਾਂ ਕਾਰਣ ਜਾਨ – ਮਾਲ ਨੂੰ ਭਾਰੀ ਨੁਕਸਾਨ ਪਹੁੰਚਣ ਤੋਂ ਬਾਅਦ, ਹੁਣ ਸਥਿਤੀ ਹੌਲੀ - ਹੌਲੀ ਆਮ ਵਾਂਗ ਹੋ ਰਹੀ ਏ. ਸੂਬਾ ਸਰਕਾਰ ਨੇ 9 ਸਤੰਬਰ ਨੂੰ ਸਾਰੇ ਵਿਦਿਅਕ ਅਦਾਰੇ ਖੋਲ੍ਹਣ ਦੇ ਆਦੇਸ਼ ਦਿੱਤੇ.
- ਸਰਕਾਰ ਨੇ ਕਿਹਾ ਏ ਕਿ GST ਵਿੱਚ ਵੱਡੇ ਸੁਧਾਰ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨਗੇ, ਅਤੇ ਸਹਿਕਾਰੀ ਉਤਪਾਦਾਂ ਦੀ ਮੰਗ ਵਧੇਗੀ ।
- BSF ਨੇ ਵੱਖ – ਵੱਖ ਕਾਰਵਾਈਆਂ ਵਿਚ 5 ਭਾਰਤੀ ਤਸਕਰਾਂ ਨੂੰ ਹਥਿਆਰਾਂ, ਗੋਲੀ ਸਿੱਕੇ ਤੇ 5 ਕਿੱਲੋ ਤੋਂ ਵੱਧ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਏ।
- ਏਸ਼ੀਆ ਕੱਪ ਹਾਕੀ ਚੈਂਪੀਅਨਸ਼ਿਪ ਵਿੱਚ, ਭਾਰਤ ਅਤੇ ਦਖਣੀ ਕੋਰੀਆ ਦਰਮਿਆਨ ਖਿਤਾਬੀ ਮੁਕਾਬਲਾ ਅੱਜ ਸ਼ਾਮ.

<u>ਇਸਦੇ ਨਾਲ ਹੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ</u>

ਖਬਰਾਂ ਦਾ ਅਗਲਾ <u>ਰਾਸ਼ਟਰੀ ਬੁਲੇਟਿਨ</u> ਤੁਸੀਂ ਸੁਣੋਗੇ

ਸ਼ਾਮ ਸਾਢੇ 7 ਵਜੇ. ਨਮਸ੍ਕਾਰ